


# ਸੰਪਾਦਕ ਦੀ ਕਲਮ ਤੋਂ

## ਜੋ ਹਰਿ ਕੀ ਹਰਿ ਕਥਾ ਸੁਣਾਵੈ ॥
## ਸੋ ਜਨੁ ਹਮਰੈ ਮਨਿ ਚਿਤਿ ਭਾਵੈ ॥

ਵਾਹਿਗੁਰੂ ਬੇਅੰਤ ਹੈ, ਉਸਦੀ ਕਲਾ ਬੇਅੰਤ ਹੈ, ਉਸਦੀ ਕਥਾ ਬੇਅੰਤ ਹੈ। ਤਾਂ ਕੀ ਅਤਿਕਥਨੀ ਹੈ ਕਿ ਉਹ ਅਕਥ ਕਥਾ ਦਾ ਮਾਲਕ ਜਗਤ ਜਲੰਦੇ ਵਿੱਚ ਸੜ ਬਲ ਰਹੀਆਂ ਰੂਹਾਂ ਤੇ ਰੂਹਾਨੀ ਬਾਰਸ਼ ਦੇ ਛੱਟੇ ਬਖ਼ਸ਼ਿਸ਼ ਕਰਦਾ ਹੈ। **ਸਭ ਤੇ ਊਤਮ ਹਰਿ ਕੀ ਕਥਾ॥ ਨਾਮੁ ਸੁਨਤ ਦਰਦ ਦੂਖ ਲਥਾ॥ (265)**

ਇਸ ਭਰਪੂਰ ਅੰਮ੍ਰਿਤ ਦੀ ਝੜੀ ਦੇ ਵਸੀਲਾ ਬਣੇ, ਟਕਸਾਲੀ ਪ੍ਰਚਾਰਕ ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ, ਰੇਤਲੇ ਰੇਗਿਸਤਾਨ ਤੋਂ ਅੰਮ੍ਰਿਤ ਦਾ ਚਸ਼ਮਾ ਫੁਟਿਆ ਜਿਸ ਨੇ ਸਾਰੀ ਸੰਗਤ ਦੀ ਰੂਹਾਨੀਅਤ ਦੀ ਪਿਆਸ ਨੂੰ ਤ੍ਰਿਪਤਾਇਆ। 1934 ਵਿੱਚ ਸਰਹੱਦੀ ਜ਼ਿਲ੍ਹੇ ਬੰਨੂ ਦੇ ਕਸਬੇ ਲਕ-ਮਰਵਾਤ ਵਿੱਚ ਪਿਤਾ ਕਰਤਾਰ ਸਿੰਘ ਤੇ ਮਾਤਾ ਰਾਮ ਕੌਰ ਦੇ ਘਰ ਆਪ ਦਾ ਜਨਮ ਹੋਇਆ। ਮੁਢਲੀ ਵਿਦਿਆ ਆਪ ਨੇ ਇਲਾਕੇ ਦੇ ਖ਼ਾਲਸਾ ਸਕੂਲ ਤੋਂ, ਫਿਰ ਸਰਕਾਰੀ ਹਾਈ ਸਕੂਲ ਤੋਂ ਮੈਟ੍ਰਿਕ ਕੀਤੀ।

ਦੇਸ਼ ਦੀ ਵੰਡ ਤੋਂ ਬਾਅਦ ਆਪ ਦੇ ਪਰਿਵਾਰ ਨੇ ਅਲਵਰ, ਰਾਜਸਥਾਨ ਆ ਕੇ ਛੋਟਾ-ਮੋਟਾ ਵਪਾਰ ਸ਼ੁਰੂ ਕੀਤਾ। 1952 ਵਿੱਚ ਆਪ ਦੇ ਪਿਤਾ ਸ੍ਰ. ਕਰਤਾਰ ਸਿੰਘ ਦੇ ਅਕਾਲ ਚਲਾਣੇ ਨੇ ਮਸਕੀਨ ਜੀ ਦੇ ਸੰਵੇਦਨਸ਼ੀਲ ਮਨ ਨੂੰ ਵਿਰਕਤ ਕੀਤਾ ਜਿਸ ਨੇ ਆਪ ਨੂੰ ਸੱਚ ਦੀ ਭਾਲ, ਖਾਣ, ਖਰਚਣ, ਵੰਡਣ ਲਈ ਪ੍ਰੇਰਿਤ ਕੀਤਾ।

1958 ਵਿੱਚ ਆਪ ਦਾ ਅਨੰਦ ਕਾਰਜ ਬੀਬੀ ਸੁਰਿੰਦਰ ਕੌਰ ਨਾਲ ਹੋਇਆ। ਪਰ ਇਹ ਆਪ ਦੇ ਪ੍ਰਚਾਰ ਰਟਨ ਦੇ ਪ੍ਰੋਗਰਾਮ ਵਿੱਚ ਰੁਕਾਵਟ ਨਾ ਬਣ ਸਕਿਆ।

ਆਪ ਨੂੰ ਆਪਣੇ ਸਮੇਂ ਦੇ ਪ੍ਰਭਾਵਸ਼ਾਲੀ ਮਹਾਨ ਪ੍ਰਚਾਰਕ, ਬੁਲਾਰੇ ਅਤੇ ਕਥਾਕਾਰਕ ਪ੍ਰਿੰ. ਗੰਗਾ ਸਿੰਘ, ਗਿ. ਮਾਨ ਸਿੰਘ ਝੌਰ, ਗਿ. ਤੀਰਥ ਸਿੰਘ, ਗਿ. ਕੇਹਰ ਸਿੰਘ ਵੈਰਾਗੀ, ਗਿ. ਰਣਜੀਤ ਸਿੰਘ ਪਾਰਸ ਆਦਿ ਦੀ ਸੰਗਤ ਪ੍ਰਾਪਤ ਹੋਈ, ਜਿਸ ਨੇ ਆਪ ਦੇ ਗਿਆਨ, ਵਾਕ ਸ਼ਕਤੀ ਨੂੰ ਨਖੇਰਿਆ ਅਤੇ ਆਪ ਨੇ ਪ੍ਰਚਾਰ ਦੇ ਖੇਤਰ ਵਿੱਚ ਵਿਲੱਖਣ ਅਤੇ ਸਤਿਕਾਰਯੋਗ ਸਥਾਨ ਪ੍ਰਾਪਤ ਕੀਤਾ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖਾਹੀਆ ਕਰਾਰ ਦਿੱਤੇ ਗਿ. ਭਾਗ ਸਿੰਘ ਅੰਬਾਲਾ ਵੀ ਆਪ ਜੀ ਰਾਹੀਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਏ ਤੇ ਆਪਣੀ ਭੁੱਲ ਦਾ ਪਸ਼ਚਾਤਾਪ ਕੀਤਾ।

ਮਾਸਟਰ ਤਾਰਾ ਸਿੰਘ ਜੀ ਕਿਹਾ ਕਰਦੇ ਸਨ, 'ਅਕਲ ਦੀ ਹੱਦ ਬੰਦੀ ਹੈ ਤੇ ਉਹ ਵਾਹਿਗੁਰੂ ਅਕਲ ਤੋਂ ਪਰ੍ਹੇ ਹੈਂ। ਆਪਣੀ ਅਕਲ ਛੱਡ ਕੇ ਵਾਹਿਗੁਰੂ ਵੱਲੋਂ ਦਿੱਤੀ ਅਕਲ ਦੇ ਆਸਰੇ 'ਉਸ ਦੇ ਦਰ 'ਤੇ ਢਹਿ ਪੈਣਾ ਹੀ ਸਿੱਖੀ ਹੈ।' ਮਸਕੀਨ ਜੀ ਨੇ ਇਸ ਰਹੱਸਵਾਦ ਨੂੰ ਅਮਲੀ ਰੂਪ ਵਿੱਚ ਜੀਵਿਆ ਅਤੇ ਪ੍ਰਚਾਰਿਆ। ਅਪਰਾਧ ਨੂੰ ਕ੍ਰਿਆਵੰਤ ਕਰਨ ਵਾਲੇ ਸਰੀਰ ਨੂੰ ਦੰਡਿਤ ਕਰਨ, ਕਾਬੂ ਕਰਨ ਦੇ ਸਾਧਨ ਤਾਂ ਸਮਾਜ, ਸਰਕਾਰ ਕੋਲ ਹਨ ਪਰ ਸਰੀਰ ਨੂੰ ਇਨ੍ਹਾਂ ਮਾੜੇ ਕਾਰਜਾਂ ਵੱਲ ਪ੍ਰੇਰਿਤ ਕਰਨ ਦਾ ਸ੍ਰੋਤ ਜਾਂ ਸੋਮਾ ਤਾਂ ਇਨਸਾਨੀ ਮਨ ਹੈ। ਮਨ ਹੀ ਪਾਪ ਚਿਤਵਦਾ ਹੈ, ਜੋ ਅਪਰਾਧ ਹੋ ਨਿਬੜਦੇ ਹਨ। ਜੋ ਪਾਪੀ ਨਹੀਂ ਹੈ ਉਹ ਅਪਰਾਧੀ ਨਹੀਂ ਹੋ ਸਕਦਾ। ਅਪਰਾਧ ਲਈ ਪਾਪੀ ਹੋਣਾ ਜ਼ਰੂਰੀ ਹੈ। ਮਨ ਨੂੰ ਪਾਪੀ ਹੋਣ ਤੋਂ ਕੇਵਲ ਧਰਮ ਹੀ ਰੋਕ ਸਕਦਾ ਹੈ। **ਮਨ ਤੂੰ ਜੋਤਿ ਸਰੂਪ ਹੈਂ** ਗੁਰੂ ਬਾਬੇ ਦਾ ਬਚਨ ਹੈ।

ਵਾਹਿਗੁਰੂ ਦੇ ਇਸ ਜੋਤ ਸਰੂਪ ਮਨ ਦੀ ਘੁੰਡੀ ਖੋਲ੍ਹਣ ਲਈ ਮਸਕੀਨ ਜੀ ਨੇ ਦੇਸ਼ ਦੇਸ਼ਾਂਤਰ ਦੀ ਸੰਗਤ ਦੀ ਹਾਜ਼ਰੀ ਭਰੀ।

ਅਕਬਰ ਇਲਾਹਾਬਾਦੀ ਨੇ ਮੌਲਵੀ ਨੂੰ ਵਿਅੰਗ ਕੀਤਾ ਸੀ,

ਵਹੁ ਜਾਏਂ ਕਾਬ੍ਹਾ ਕੋ, ਹਮ ਇੰਗਲਿਸਤਾਨ ਦੇਖੇਂਗੇ॥<br>
ਵਹੁ ਦੇਖੇ ਘਰ ਖ਼ੁਦਾ ਕਾ, ਹਮ ਖ਼ੁਦਾ ਕੀ ਸ਼ਾਨ ਦੇਖੇਂਗੇ॥

ਮਸਕੀਨ ਜੀ ਨੇ ਕਾਬ੍ਹਾ ਵੀ ਵੇਖਿਆ ਤੇ ਇੰਗਲਿਸਤਾਨ, ਵੀ ਪਰ ਗੁਰੂ ਦੀ ਦ੍ਰਿਸ਼ਟੀ ਅਤੇ ਭਉ-ਭਾਵਨੀ ਅਧੀਨ। ਮਾਇਆ, ਮਾਇਆਧਾਰੀ ਤੇ ਮਾਇਆ ਨਗਰੀ ਦੀ ਚਕਾਚੋਂਧ ਆਪ ਜੀ ਦੇ ਰਹਿਣ-ਸਹਿਣ ਦੇ ਤੌਰ ਤਰੀਕੇ, ਸਾਦਗੀ, ਗੁਰੂ ਘਰ ਤੇ ਸੰਗਤ

ਲਈ ਅਟੁੱਟਵੇਂ ਪਿਆਰ ਵਿੱਚ ਵਿਘਨ ਨਾ ਪਾ ਸਕੇ। 1960 ਵਿੱਚ ਪਟਨਾ ਸਾਹਿਬ ਕਥਾ ਕਰਦਿਆਂ ਮਸਕੀਨ ਜੀ ਨੇ ਕਿਹਾ, "ਜਿਨ੍ਹਾਂ ਨੂੰ ਸ਼ਰਧਾ ਹੈ ਉਨ੍ਹਾਂ ਨੂੰ ਦੁਨਿਆਵੀ ਸੋਝੀ ਨਹੀਂ, ਤੇ ਜਿਨ੍ਹਾਂ ਨੂੰ ਦੁਨਿਆਵੀ ਸੋਝੀ ਹੈ ਉਨ੍ਹਾਂ ਨੂੰ ਸ਼ਰਧਾ ਨਹੀਂ।" ਧਰਮ ਲਈ ਦੋ ਵਿਅਕਤੀ ਬਹੁਤ ਹੀ ਖ਼ਤਰਨਾਕ ਹੁੰਦੇ ਹਨ। ਬੇ-ਇਲਮ ਆਬਿਦ ਤੇ ਬੇ-ਅਮਲ ਆਲਿਮ। ਸਾਡੀ ਪੰਥਕ ਲਾਚਾਰਗੀ ਦਾ ਇਹੋ ਮੂਲ ਕਾਰਣ ਹੈ। **ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥**

*ਮਸਕੀਨ ਜੀ ਨੇ ਬੇਬਾਕ ਹੋ ਕੇ ਵੇਖਿਆ, ਬੋਲਿਆ ਤੇ ਲਿਖਿਆ। ਉਹ ਬਾਰ-ਬਾਰ ਚੇਤਾਵਨੀ ਦਿੰਦੇ ਸਨ ਕਿ ਤੁਹਾਨੂੰ ਗੁਰੂ ਤੇ ਅੰਨੀ ਸ਼ਰਧਾ ਚਾਹੀਦੀ ਹੈ ਪਰ ਜਿਸ 'ਤੇ ਸ਼ਰਧਾ ਹੋਵੇ ਉਹ ਅੰਨ੍ਹਾ ਨਾ ਹੋਵੇ। ਉਨ੍ਹਾਂ ਦੀਆਂ ਪੰਦਰਾਂ ਤੋਂ ਵੱਧ ਪੁਸਤਕਾਂ, ਬੇਅੰਤ ਕੈਸਟਾਂ, ਟੇਪਾਂ ਉਨ੍ਹਾਂ ਦੀ ਗੁਰੂ, ਵਾਹਿਗੁਰੂ ਤੇ ਪੰਥ ਪ੍ਰਤੀ ਅਟੁੱਟ ਵਿਸ਼ਵਾਸ ਭਰੋਸੇ ਅਤੇ ਸਿਦਕ ਦੀ ਗਵਾਹੀ ਦੇ ਰਹੀਆਂ ਹਨ। ਇਸ ਸਿਦਕ ਤੇ ਭਰੋਸੇ ਨੇ ਉਨ੍ਹਾਂ ਨੂੰ ਥਿੜਕਣ ਨਾ ਦਿੱਤਾ।*

*ਉਨ੍ਹਾਂ ਦੇ ਵਿਚਾਰ ਮੌਲਿਕ ਤੇ ਵਿਚਾਰੋਤੇਜਕ ਹੁੰਦੇ ਸਨ। ਕਿੰਨੀ ਤਿੱਖੀ ਵੇਦਨਾ ਹੈ ਉਨ੍ਹਾਂ ਦੇ ਮਨ ਵਿੱਚ ਜਦੋਂ ਉਹ ਕਹਿੰਦੇ ਹਨ, "ਬਹੁਤੇ ਕੀਰਤਨ ਦਰਬਾਰ ਬਾਜ਼ਾਰੂ ਮਾਹੌਲ ਪੇਸ਼ ਕਰਦੇ ਹਨ। ਇਕ ਨੂੰ ਇਹ ਚਿੰਤਾ ਹੈ ਕਿ ਕਿੰਨਾ ਬਚੇਗਾ ਤੇ ਇਕ ਦੀ ਇਹ ਬਿਰਤੀ ਹੈ ਕਿ ਕਿੰਨਾ ਮਿਲੇਗਾ। ਭੇਟਾ ਲੈਣ ਤੇ ਦੇਣ ਦੀ ਬਿਰਤੀ ਹੁਣ ਨਹੀਂ ਰਹੀ, ਹੁਣ ਦੋਹਾਂ ਪਾਸਿਆਂ ਤੋਂ ਮੁੱਲ ਚੁਕਾਣਾ ਰਹਿ ਗਿਆ ਹੈ। ਕੀਰਤਨ ਗੁਰੂ ਦਰਬਾਰ ਦੀ ਸ਼ੋਭਾ ਸੀ ਪਰ ਕੀਰਤਨ ਤਾਂ ਖੁਦ ਹੀ ਦਰਬਾਰ ਬਣ ਗਿਐ। ਇਹ ਨਾਮ ਵੀ ਕੋਈ ਤਿੰਨ ਦਹਾਕਿਆਂ ਤੋਂ ਪੁਰਾਣਾ ਨਹੀਂ ਹੈ। ਕੀਰਤਨ ਗੁਰੂ ਦਰਬਾਰ ਵਿੱਚ ਹੋਵੇ ਤਾਂ ਸਤਿਸੰਗ ਹੈ ਤੇ ਗੁਰੂ ਨਾਲ ਜੁੜਨ ਦਾ ਵਸੀਲਾ ਹੈ, ਪ੍ਰੰਤੂ ਕੀਰਤਨ ਹੀ ਦਰਬਾਰ ਹੈ, ਇਹ ਮੇਰੀ ਸਮਝ ਤੋਂ ਪਰੇ ਹੈ। ਆਖਰ ਕੀਰਤੀ ਕਿਸੇ ਦਰਬਾਰ ਦੀ ਹੀ ਗਾਇਨ ਹੁੰਦੀ ਹੈ ਨਾ ਕਿ ਕੀਰਤੀ ਖੁਦ ਹੀ ਦਰਬਾਰ ਹੈ। ਜਿਸ ਦਿਨ ਦਾ ਕੀਰਤਨ ਦਰਬਾਰ ਬਣਿਆ ਹੈ, ਉਸ ਦਿਨ ਦਾ ਕੀਰਤਨ ਬਜ਼ਾਰ ਬਣਦਾ ਜਾ ਰਿਹਾ ਹੈ। "*

*ਕੇਵਲ ਸਿੱਖ ਸੰਗਤ ਵਿੱਚ ਹੀ ਨਹੀਂ ਬਲਕਿ ਗੈਰ ਸਿੱਖ ਸਰੋਤਿਆਂ ਵਿੱਚ ਵੀ ਜਿਸ ਸਪੱਸ਼ਟ ਵਾਦਿਤਾ ਨਾਲ ਉਹ ਗੁਰਮਤਿ ਦੀ ਗੱਲ ਕਰ ਸਕਦੇ ਸਨ, ਉਸਦੀ ਮਿਸਾਲ ਨਹੀਂ ਹੈ।*

*ਗੁਰਬਾਣੀ ਦੀ ਸੋਚ ਦੇ ਨਾਲ-ਨਾਲ ਹਿੰਦੀ, ਫ਼ਾਰਸੀ, ਅਰਬੀ, ਸੰਸਕ੍ਰਿਤ ਦੇ ਗਿਆਨ ਤੇ ਅਨਮਤ ਦੇ ਗ੍ਰੰਥਾਂ ਦੇ ਡੂੰਘੇ ਅਧਿਐਨ ਨੇ ਉਨ੍ਹਾਂ ਦੀ ਪੰਥਕ ਸੋਚ, ਵਿਸ਼ਵਾਸ਼ ਤੇ ਭਰੋਸੇ ਨੂੰ ਦ੍ਰਿੜ੍ਹ ਕੀਤਾ।*

*ਟੀ.ਵੀ. ਤੇ ਰੋਜ਼ ਸਵੇਰੇ ਪ੍ਰਸਾਰਿਤ ਹੁੰਦੀ ਉਨ੍ਹਾਂ ਦੀ ਗੁਰਬਾਣੀ ਕਥਾ ਨੇ ਬਹੁਤ ਵੱਡੀ ਗਿਣਤੀ ਵਿੱਚ ਸਿੱਖ* ***ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ, ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥*** *ਗੈਰ ਸਿੱਖ ਸੋਰਤਿਆਂ ਨੂੰ ਗੁਰਬਾਣੀ ਦੀ ਜਾਗ ਲਗਾਈ। ਇਹ ਪਹਿਲੀ ਵਾਰ ਦੇਖਣ ਵਿੱਚ ਆਇਆ ਕਿ ਕਿਸੇ ਧਾਰਮਿਕ ਜਾਂ ਪੰਥਕ ਸ਼ਖ਼ਸੀਅਤ ਨੂੰ ਇੰਨਾ ਡੂੰਘਾ ਸਨੇਹ ਤੇ ਪਿਆਰ ਪ੍ਰਾਪਤ ਹੋਇਆ। ਉਨ੍ਹਾਂ ਦੇ ਅਕਾਲ ਚਲਾਣੇ ਤੇ ਆਪ ਮੁਹਾਰੇ ਅਣਗਿਣਤ ਅੱਖਾਂ ਨਮ ਹੋਈਆਂ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਵੀ ਕਿਹਾ ਕਿ "ਗਿਆਨੀ ਜੀ ਉੱਚ ਕੋਟੀ ਦੇ ਆਦਰਸ਼ਕ ਪ੍ਰਚਾਰਕ ਸਨ, ਜਿਨ੍ਹਾਂ ਦੀ ਸੂਝ-ਬੂਝ ਤੇ ਵਿਦਵਤਾ ਲਾਸਾਨੀ ਸੀ।" ਨਿਰਪੱਖ ਹੋ ਕੇ ਵੇਖਿਆ ਤੇ ਵਿਚਾਰਿਆ ਜਾਏ ਤਾਂ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਉਨ੍ਹਾਂ ਦੇ ਪਾਏ ਦਾ, ਦ੍ਰਿੜ੍ਹਤਾ ਨਾਲ ਪ੍ਰਚਾਰ ਕਰਨ ਵਾਲਾ ਅਤੇ ਹਰ ਦਿਲ ਅਜ਼ੀਜ਼ ਪ੍ਰਚਾਰਕ ਨਜ਼ਰ ਨਹੀਂ ਆਉਂਦਾ।*

*ਅਕਤੂਬਰ 2004 ਵਿੱਚ 'ਗਲੈਨਰਾਕ' ਗੁਰਦੁਆਰਾ ਸਾਹਿਬ ਵਿੱਚ ਉਨ੍ਹਾਂ ਨੇ 'ਸੰਤ ਸਿਪਾਹੀ' ਨਾਲ ਖੁੱਲ੍ਹੀ ਗੱਲਬਾਤ ਕੀਤੀ ਜੋ ਉਨ੍ਹਾਂ ਦੇ ਵਿਚਾਰਾਂ ਤੇ ਸੋਚ ਦਰਸਾਉਂਦੀ ਹੈ।*

*ਉਹ ਸੰਤ ਵੀ ਸੀ, ਸਿੰਘ ਵੀ ਤੇ ਮਸਕੀਨ ਵੀ। ਸੰਤ ਸਿੰਘ ਮਸਕੀਨ ਨੇ ਆਪਣਾ ਨਾਮ ਸਾਰਥਕ ਕੀਤਾ।*

***ਨਾਨਕ ਸਫਲ ਜਨਮੁ ਤਿਨ ਕੇਰਾ ਜਿ ਸਤਿਗੁਰਿ ਹਰਿ ਮਾਰਗਿ ਪਾਏ॥ (770)***

*ਸਹੀ ਅਰਥਾਂ ਵਿੱਚ ਕੌਮ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਗੁਰੂ ਦੇ ਇਸ ਮਹਾਨ ਬੁਲਾਰੇ ਪ੍ਰਚਾਰਕ ਨੂੰ ਅਦਾਰਾ 'ਸੰਤ ਸਿਪਾਹੀ' ਦੀ ਨਮਨ ਸ਼ਰਧਾਂਜਲੀ।*